## ਖੇਤ ਦੀ ਤਿਆਰੀ:-

ਜਦੋਂ ਵੀ ਕੋਈ ਫਸਲ ਬੀਜਣੀ ਹੈ ਤਾਂ ਉਸ ਸਮੇਂ "ਤਿਆਰੀ ਏਕ, ਫਸਲ ਅਨੇਕ" ਦੇ ਸਿਧਾਂਤ ਨੂੰ ਧਿਆਨ ਵਿੱਚ ਰੱਖ ਕੇ ਕਰੋ।

## ਕਿਵੇਂ ਕਰੀਏ ਤਿਆਰੀ ?

ਖੇਤ ਦੀ ਤਿਆਰੀ ਸੌਂ ਖੇਤ ਵਿੱਚ ਮੱਲੜ (ਦੇਸੀ ਰੂੜੀ) ਦੀ ਪੂਰਤੀ ਕੀਤੀ ਜਾਵੇ।

ਖੇਤ ਨੂੰ ਲੇਜ਼ਰ ਲੈਵਲ ਕਰ ਲਿਆ ਜਾਵੇ, ਵਹਾਈ ਕਰ ਲਵੋ।

ਹਲ ਤੋਂ ਹਲ ਦੀ ਦੂਰੀ 4 ਫੁੱਟ ਰੱਖ ਕੇ ਪਟੜੇ ਤਿਆਰ ਕਰ ਲਵੋ।

ਜੇਕਰ ਗੰਨਾ ਜਾਂ ਅਗੇਤੀਆਂ ਗਰਮੀਆਂ ਦੀਆਂ ਫਸਲਾਂ ਦੀ ਖੇਤੀ ਕਰਨੀ ਹੈ ਤਾਂ ਪੱਟੜਿਆਂ ਦੀ ਦਿਸ਼ਾ ਪੂਰਬ-ਪੱਛਮ ਰੱਖੋ, ਰੁੱਤ (ਹਾੜੀ-ਸਾਉਣੀ) ਦੀਆਂ ਫਸਲਾਂ ਵਾਸਤੇ ਇਹ ਦਿਸ਼ਾ ਉੱਤਰ-ਦੱਖਣ ਰੱਖੋ।

ਪਹਿਲਾਂ ਪਾਣੀ ਲਾਓ ਫਿਰ ਫਸਲ ਬੀਜੋ।

ਪਾਣੀ ਹਮੇਸ਼ਾ ਖਾਲ਼ਾਂ ਵਿੱਚ ਹੀ ਲਾਓ।

ਫਸਲਾਂ ਦਾ ਬਸੇਰਾ ਹਮੇਸ਼ਾਂ ਉੱਚੇ ਥਾਂ ਰੱਖੋ।

ਜੰਗਲ ਦਾ ਸਿਧਾਂਤ ਲਾਜ਼ਮੀ ਲਾਗੂ ਕਰੋ।

**ਫਗਵਾੜਾ ਗੁਡ ਗਰੋ ਤਕਨੀਕ ਰਾਹੀਂ ਸਰੋਂ ਵਿੱਚ ਰਲਵੀਆਂ ਫਸਲਾ ਦੀ ਸਾਰਣੀ**

ਪਾਣੀ ਦੀ 80% ਬੱਚਤ, ਬੀਜ ਦੀ 90% ਬੱਚਤ, ਖਰਚਾ ਇੱਕ ਫਸਲ ਤੋਂ ਵੀ 50% ਘੱਟ, ਆਮਦਨ ਦੁੱਗਣੀ।

| ਲੜੀ ਨੰ | ਫਸਲ | ਬੀਜਣ ਦਾ ਸਮਾਂ | ਬੀਜ ਦੀ ਮਾਤਰਾ / ਏਕੜ | ਪੱਕਣ ਦਾ ਸਮਾਂ | ਝਾੜ / ਏਕੜ | ਰੇਟ / ਕੁਇੰਟਲ |
|---|---|---|---|---|---|---|
| 1 | ਸਰੋਂ | 15 ਸਤੰਬਰ- 7 ਅਕਤੂਬਰ | 5000 ਬੀਜ / 12 Gm | ਅਪ੍ਰੈਲ | 8 Qnt. | 4000-7000 |
| 2 | ਮੈਂਥਾ | ਜਨਵਰੀ-ਫਰਵਰੀ | 20 Kg / 32000 Nodes | ਜੂਨ | 50 Kg | 700-1500/Kg |

ਲਗਭਗ (ਅੰਦਾਜਨ) ਆਮਦਨ 99000

ਖੇਤੀ ਦਾ ਆਧੁਨਿਕ ਤਰੀਕਾ

ਸਰੋਂ- ਇੱਕ ਖ਼ਾਲ ਬੰਦ ਕਰਕੇ ਪਾਣੀ ਲਗਾਓ। ਪਟੜੀਆਂ ਦੇ ਵਿਚਕਾਰ ਬੀਜ ਲਗਾਓ। ਬੀਜ ਤੋਂ ਬੀਜ ਦੀ ਦੂਰੀ 3 ਫੁੱਟ ਰੱਖੋ।

ਮੈਥਾ-

ਪਨੀਰੀ-

ਮੈਂਥੇ ਦੀ ਪਨੀਰੀ ਫਰਵਰੀ ਦੇ ਪਹਿਲੇ ਹਫਤੇ ਵਿੱਚ ਤਿਆਰ ਕਰੋ। ਪਨੀਰੀ ਤਿਆਰ ਕਰਨ ਲਈ 1Qnt ਮੈਂਥੇ ਦੀਆਂ ਜੜਾਂ ਲਵੋ। ਪੱਠਿਆਂ ਵਾਲੀ ਮਸ਼ੀਨ ਵਿੱਚ ਇਸ ਦਾ ਕੁਤਰਾ ਕਰੋ। 2 ਮਰਲੇ ਵਿੱਚ ਇਸ ਦਾ ਛੱਟਾ ਦੇ ਦਵੋ । ਛੱਟਾ ਦੇਣ ਤੋਂ ਬਾਦ ਪਟੜੇ ਬਣਾ ਕੇ ਪਾਣੀ ਲਗਾਓ।

ਬੀਜਾਈ -

ਬੰਦ ਖ਼ਾਲੀਆਂ ਨੂੰ ਖੋਲ ਕੇ ਪਾਣੀ ਲਗਾਓ। ਖਾਲੀਆਂ ਦੀਆਂ ਢਲਾਣਾ ਤੇ ਮੈਂਥੇ ਦੀ ਪੌਦ ਲਗਾਓ। ਪੌਦ ਤੋਂ ਪੌਦ ਦੀ ਦੂਰੀ 9 ਇੰਚ ਰੱਖੋ।